**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ. ਨਗਰ।**
**(ਚੌਥੀ ਮੰਜਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ., ਫੇਜ-VIII, ਮੋਹਾਲੀ)**

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)/(ਐ.ਸਿ.)

ਮੇਮੀ ਨੰ: 15/86-2015 ਕੋ. ਸ਼ਾਖਾ (1)/33257
ਮਿਤੀ. 25.01.2019

**ਵਿਸ਼ਾ:-** **ਪਰਖ ਕਾਲ ਸਮੇਂ ਦੌਰਾਨ ਛੇ ਮਹੀਨੇ ਤੱਕ ਜਾਂ ਇਸ ਤੋਂ ਵੱਧ ਸਮੇਂ ਦੀ ਛੁੱਟੀ ਲੈਣ ਕਾਰਣ ਪਰਖ ਕਾਲ ਸਮਾਂ ਵਧਾਉਣ ਬਾਰੇ ਸਪੱਸ਼ਟੀਕਰਣ।**

ਇਸ ਦਫਤਰ ਦਾ ਮੀਮੋ ਨੰ: 15/86-2015 ਕੋ. ਸ਼ਾਖਾ (1) ਮਿਤੀ 22.01.2019 ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਵਿੱਚ ਦਰਜ ਉਦਾਹਰਣ ਨੰ: 3 ਨੂੰ ਹੇਠ ਅਨੁਸਾਰ ਪੜ੍ਹਿਆ ਜਾਵੇ:

**ਉਦਾਹਰਣ ਨੰ: 3.** ਜਿੱਥੇ ਕਿਸੇ ਇਸਤਰੀ ਕਰਮਚਾਰਨ ਨੇ ਇੱਕ ਸਾਲ ਨੌਂ ਮਹੀਨੇ ਦੀ ਸੇਵਾ ਪੂਰੀ ਕਰਨ ਤੇ ਪ੍ਰਸੂਤਾ ਛੁੱਟੀ ਪ੍ਰਾਪਤ ਕੀਤੀ ਹੋਵੇ ਅਤੇ ਉਹ ਕਰਮਚਾਰਨ ਦੋ ਸਾਲ ਦੇ ਪਰਖ ਕਾਲ ਸਮੇਂ ਅਧੀਨ ਹੋਵੇ ਤਾਂ ਅਜਿਹੇ ਕੇਸ ਵਿੱਚ ਉਸ ਦਾ ਪਰਖ ਕਾਲ ਸਮਾਂ ਉਸ ਦੀ ਦੋ ਸਾਲ ਦੀ ਸੇਵਾ ਤਸੱਲੀਬਖਸ਼ ਪੂਰੀ ਕਰਨ ਦੀ ਮਿਤੀ ਤੋਂ ਹੀ ਪਾਰ ਕੀਤਾ ਗਿਆ ਮੰਨਿਆਂ ਜਾਣਾ ਹੈ, ਭਾਵੇਂ ਅਜਿਹੀ ਕਰਮਚਾਰਨ ਛੁੱਟੀ ਤੇ ਹੀ ਕਿਉਂ ਨਾ ਹੋਵੇ। **ਪਰ ਛੁੱਟੀ ਦੌਰਾਨ ਉਸ ਨੂੰ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ, ਜਿਲਦ-1, ਭਾਗ-1 ਦੇ ਨਿਯਮ 8.127 ਥੱਲੇ ਦਿੱਤੇ ਨੋਟ-1 ਅਨੁਸਾਰ ਉਹ ਲੀਵ ਸੈਲਰੀ ਮਿਲਣਯੋਗ ਹੋਵੇਗੀ, ਜਿਹੜੀ ਕਿ ਉਸ ਵੱਲੋਂ ਛੁੱਟੀ ਤੇ ਜਾਣ ਤੋਂ ਤੁਰੰਤ ਪਹਿਲਾਂ ਪ੍ਰਾਪਤ ਕੀਤੀ ਜਾ ਰਹੀ ਸੀ। ਪੂਰੀ ਤਨਖਾਹ ਹਾਜ਼ਰ ਹੋਣ ਦੀ ਮਿਤੀ ਤੋਂ ਮਿਲਣਯੋਗ ਹੋਵੇਗੀ।**

2. ਇਹ ਹਦਾਇਤਾਂ ਆਪ ਅਧੀਨ ਕੰਮ ਕਰਦੇ ਸਮੂਹ ਅਧਿਕਾਰੀਆਂ/ ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ)
ਪੰਜਾਬ, ਐਸ.ਏ.ਐਸ. ਨਗਰ

ਪਿੱਠ ਅੰਕਣ ਨੰ: ਉਕਤ/ ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.), ਪੰਜਾਬ।

ਸਹੀ/-

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ)
ਪੰਜਾਬ, ਐਸ.ਏ.ਐਸ. ਨਗਰ